# ਟੈਂਡਰ ਸੂਚਨਾ

**ਕੰਮ ਦਾ ਨਾਂ:-ਮਾਲਵਾ ਸਕੂਲ ਗਿੱਦੜਬਾਹਾ ਵਿੱਚ ਬਹੁ-ਮੰਤਵੀ ਹਾਲ ਨੂੰ ਢਹਾਉਣਾ ਅਤੇ ਮਲਬੇ ਦਾ ਨਿਪਟਾਰਾ।**

1. ਭਰੋਸੇਯੋਗ ਠੇਕੇਦਾਰਾਂ ਤੋਂ ਇੱਕਮੁਸ਼ਤ ਅਧਾਰ ਤੇ ਲੱਗਭਗ 12000 ਸਕੁਏਅਰ ਫੁੱਟ ਵਿੱਚ ਬਣੇ ਬਹੁ-ਮੰਤਵੀ ਹਾਲ ਨੂੰ ਢਹਾਉਣ ਅਤੇਮੁਕੰਮਲ ਤੌਰ ਤੇ ਮਲਬੇ ਨੂੰ ਸਾਫ ਕਰਨ ਲਈ24 ਫ਼ਰਵਰੀ 2018 ਤੋਂ ਪਹਿਲਾਂ-ਪਹਿਲਾਂ ਮੋਹਰਬੰਦ ਹਵਾਲਿਆਂ ਦੀ ਮੰਗ ਕੀਤੀ ਜਾਂਦੀ ਹੈ।
2. ਉਪਰੋਕਤ ਕੰਮ ਸੰਬੰਧੀ ਨਿਯਮ ਅਤੇ ਸ਼ਰਤਾਂ ਸਾਡੇ ਸਕੂਲ ਦੀ ਵੈੱਬਸਾਇਟ **www.malwaschoolgdb.com/downloads** ਤੋਂ ਡਾਊਨਲੋਡ ਕਰ ਸਕਦੇ ਹੋਂ ਜਾਂ ਫਿਰ 23 ਫਰਵਰੀ 2018 ਤੋਂ ਪਹਿਲਾਂ ਕਿਸੇ ਵੀ ਕੰਮਕਾਜ ਵਾਲੇ ਦਿਨ ਸਕੂਲ ਸਮੇਂ ਦੌਰਾਨ ਸਕੂਲ ਵਿੱਚੋਂ ਵੀ ਪ੍ਰਾਪਤ ਕਰ ਸਕਦੇ ਹੋਂ।ਕੰਮ ਸੰਬੰਧੀ ਹੋਰ ਜਾਣਕਾਰੀ ਲਈ 98144-60324 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਪ੍ਰਿੰਸੀਪਲ**

## ਨਿਯਮ ਅਤੇ ਸ਼ਰਤਾਂ

### ਮਾਲਵਾ ਸਕੂਲ ਗਿੱਦੜਬਾਹਾ ਵਿੱਚ ਬਹੁ-ਮੰਤਵੀ ਹਾਲ ਨੂੰ ਢਹਾਉਣ ਅਤੇ ਮਲਬੇ ਦੇ ਨਿਪਟਾਰੇ ਸੰਬੰਧੀ।

ਭਰੋਸੇਯੋਗ ਠੇਕੇਦਾਰਾਂ ਤੋਂ ਇੱਕਮੁਸ਼ਤ ਅਧਾਰ ਤੇ ਲੱਗਭਗ 12000 ਸਕੁਏਅਰ ਫੁੱਟ ਵਿੱਚ ਬਣੇ ਬਹੁ-ਮੰਤਵੀ ਹਾਲ ਨੂੰ ਢਹਾਉਣ ਮਲਬੇ ਨੂੰ ਸਾਫ ਕਰਨ ਲਈ ਮੋਹਰਬੰਦ ਹਵਾਲਿਆਂ ਦੀ ਮੰਗ ਕੀਤੀ ਜਾਂਦੀ ਹੈ।ਜਿਸ ਲਈ ਨਿਯਮ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਕੰਮ ਹੁਕਮ ਜ਼ਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਸਮੇਂ ਅੰਦਰ ਪੂਰਾ ਹੋਣਾ ਚਾਹੀਦਾ ਹੈ।
2. ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਨਿਲਾਮੀ/ਹਵਾਲਿਆਂ ਦੇ ਨਾਲ ਡਿਮਾਂਡ ਡਰਾਫਟ ਰਾਹੀ 10,000(ਦੱਸ ਹਜ਼ਾਰ)ਰੁਪਏ ਮਾਲਵਾ ਸਕੂਲ ਗਿੱਦੜਬਾਹਾ ਦੇ ਪੱਖ  ਵਿੱਚ ਜਮ੍ਹਾਂ ਕਰਵਾਉਣੇ ਹੋਣਗੇ।
3. ਨਿਲਾਮੀ/ਹਵਾਲਿਆਂ ਨੂੰ 24 ਫ਼ਰਵਰੀ 2018 ਤੋਂ ਪਹਿਲਾਂ-ਪਹਿਲਾਂ ਸ਼ਾਮ ਦੇ ਤਿੰਨ ਵਜੇ ਤੱਕ ਪ੍ਰਿੰਸੀਪਲ ਮਾਲਵਾ ਸਕੂਲ ਗਿੱਦੜਬਾਹਾ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਉਣਾ ਲਾਜ਼ਮੀ ਹੈ।
4. ਮੰਗੇ ਗਏ ਮੋਹਰਬੰਦ ਨਿਲਾਮੀ ਹਵਾਲਿਆਂ ਨੂੰ 27 ਫ਼ਰਵਰੀ 2018 ਨੂੰ ਸ਼ਾਮ 4 ਵਜੇ ਪਹੁੰਚੇ ਹੋਏ ਨਿਲਾਮੀਕਾਰਾਂ ਦੀ ਮੌਜੂਦਗੀ ਵਿੱਚ ਖੋਲਿਆ ਜਾਵੇਗਾ।
5. ਠੇਕੇ ਦੀ ਰਕਮ ਦੀ ਅਦਾਇਗੀ ਤਿੰਨ ਕਿਸ਼ਤਾਂ ਰਾਹੀ ਲਈ ਜਾਵੇਗੀ।ਜੋ ਕਿ ਇਸ ਪ੍ਰਕਾਰ ਹੈ:-

I) ਠੇਕੇ ਦੀ ਕੁੱਲ ਰਕਮ ਦਾ 33 ਪ੍ਰਤੀਸ਼ਤ ਕੰਮ ਦੇਣ ਉਪਰੰਤ ਮੌਕੇ ਪਰ ਲਿਆ ਜਾਵੇਗਾ।
II) ਠੇਕੇ ਦੀ ਕੁੱਲ ਰਕਮ ਦਾ 33 ਪ੍ਰਤੀਸ਼ਤ ਹਾਲ ਦੇ 25 ਪ੍ਰਤੀਸ਼ਤ ਢਹਿਣ ਉਪਰੰਤ ਲਿਆ ਜਾਵੇਗਾ।
III) ਬਾਕੀ ਬਚਦੀ 34 ਪ੍ਰਤੀਸ਼ਤ ਰਕਮ ਹਾਲ ਦੇ 75 ਪ੍ਰਤੀਸ਼ਤ ਢਹਿਣ ਉਪਰੰਤ ਲਿਆ ਜਾਵੇਗਾ।

6. ਹਾਲ ਨੂੰ ਢਹਾਉਣ ਲਈ ਬਿਜਲੀ ਅਤੇ ਪਾਣੀ ਦਾ ਪ੍ਰਬੰਧ ਸਕੂਲ ਵੱਲੋਂ ਬਿਲਕੁੱਲ ਮੁਫ਼ਤ ਕੀਤਾ ਜਾਵੇਗਾ।
7. ਹਾਲ ਢਹਾਉਣ ਦਾ ਕੰਮ ਮੁਕੰਮਲ ਹੋਣ ਉਪਰੰਤ ਹਾਲ ਦੇ ਸੰਪੂਰਨ ਮਲਬੇ ਨਮੂ ਸਕੂਲ ਜਾਂ ਮਿਊਂਸੀਪਲ ਕਾਰਪੋਰੇਸ਼ਨ ਦੁਆਰਾ ਨਿਰਧਾਰਿਤ ਕੀਤੀ ਜਗ੍ਹਾ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਠੇਕੇਦਾਰ/ਬੋਲੀਕਾਰ ਦੀ ਹੋਵੇਗੀ।
8. ਬੋਲੀਕਾਰ/ਠੇਕੇਦਾਰ ਨੇ ਹਾਲ ਦੀ ਨੀਂਹ ਨੂੰ ਧੁਰ ਤੱਕ ਪੁੱਟ ਕੇ ਬਾਹਰ ਕੱਢਣ ਉਪਰੰਤ ਹਾਲ ਵਾਲੇ ਸਥਾਨ ਨੂੰ ਬਿਲਕੁੱਲ ਸਾਫ਼ ਅਤੇ ਪੱਧਰ ਕਰਕੇ ਦੇਣਾ ਹੋਵੇਗਾ।
9. ਹਾਲ ਢਹਾਉਣ ਦੀ ਪ੍ਰਕਿਰਿਆ ਦੌਰਾਨ ਉਡਣ ਵਾਲੀ ਗਰਦ/ਧੂੜ ਅਤੇ ਹੋਣ ਵਾਲੇ ਹੋਰ ਪ੍ਰਦੂਸ਼ਣ ਨੂੰ ਕਾਬੂ ਰੱਖਣ ਲਈ ਪਾਣੀ ਦਾ ਨਿਯਮਤ ਛਿੜਕਾਵ ਦੇ ਨਾਲ-ਨਾਲ ਹੋਰ ਢੁੱਕਵੇਂ ਪ੍ਰਬੰਧਾਂ ਦੀ ਜ਼ਿੰਮੇਦਾਰੀ ਬੋਲੀਕਾਰ/ਠੇਕੇਦਾਰ ਦੀ ਹੋਵੇਗੀ।

10. ਜੇਕਰ ਦਿੱਤਾ ਗਿਆ ਕੰਮ ਨਿਰਧਾਰਿਤ ਕੀਤੇ ਗਏ ਸਮੇਂ ਇੱਕ ਮਹੀਨੇ ਵਿੱਚ ਨਾ ਕੀਤਾ ਗਿਆ ਤਾਂ ਭੁਗਤਾਨ ਕੀਤੀ ਕੁੱਲ ਰਕਮ ਦਾ 5 ਪ੍ਰਤੀਸ਼ਤ ਪ੍ਰਤੀ ਹਫਤਾ ਦੇ ਹਿਸਾਬ ਨਾਲ ਹਰਜ਼ਾਨਾ ਬੋਲੀਕਾਰ/ਠੇਕੇਦਾਰ ਸਕੂਲ ਪ੍ਰਬੰਧਕਾਂ ਨੂੰ ਦੇਣ ਲਈ ਪਾਬੰਦ ਹੋਵੇਗਾ।ਇਸ ਰਾਸ਼ੀ ਦਾ ਭੁਗਤਾਨ ਬੋਲੀਕਾਰ/ਠੇਕੇਦਾਰ ਦੁਆਰਾ ਉਸ ਵਕਤ ਤੁਰੰਤ ਹੀ ਕੀਤਾ ਜਾਵੇਗਾ।
11. ਠੇਕੇਦਾਰ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਕੂਲ ਤੋਂ ਮਨਜ਼ੂਰੀ ਲੈਣੀ ਹੋਵੇਗੀ।
12. ਢਹਾਉਣ ਦੀ ਪ੍ਰਕਿਰਿਆ ਤੋਂ ਬਾਅਦ ਦੁਬਾਰਾ ਵਰਤੋਂਯੋਗ ਸਾਰੇ ਪਦਾਰਥ ਜਿਵੇਂ-ਸਟੀਲ,ਇੱਟਾਂ ਆਦਿ ਸਭ ਬੋਲੀਕਾਰ/ਠੇਕੇਦਾਰ ਦੀ ਸੰਪਤੀ ਹੋਣਗੀਆਂ।ਠੇਕੇਦਾਰ/ਬੋਲੀਕਾਰ ਇਸ ਨੂੰ ਆਪਣੀ ਮਰਜ਼ੀ ਨਾਲ ਵਰਤਣ ਲਈ ਅਜ਼ਾਦ ਹੋਵੇਗਾ।
13. ਬੋਲੀ ਲਗਾਉਣ ਵਾਲੇ ਸਾਰੇ ਬੋਲੀਕਾਰ/ਠੇਕੇਦਾਰ ਬੋਲੀ ਦੇਣ ਤੋਂ ਪਹਿਲਾਂ ਕੰਮ ਵਾਲੀ ਜਗ੍ਹਾ ਦਾ ਮੁਲਾਂਕਣ ਕਰ ਚੁੱਕੇ ਹੋਣਗੇ।
14. ਸਕੂਲ ਦੇ ਅਧਿਕਾਰੀ ਬਿਨਾ ਕਿਸੇ ਕਾਰਨ ਦੱਸੇ ਕਿਸੇ ਵੀ ਬੋਲੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰੱਖਦੇ ਹਨ।